Punjabi | ਪੰਜਾਬੀ

## ਅਗਲੇ ਕਦਮ

ਕੋਈ ਪੁੱਛਗਿੱਛ ਕਰਨ ਲਈ ਜਾਂ ਇਹ ਦੇਖਣ ਲਈ ਕਿ ਕੀ ਤੁਹਾਡਾ ਬੱਚਾ ਯੋਗ ਹੈ, ਬਸ ਇਸ QR ਕੋਡ ਨੂੰ ਸਕੈਨ ਕਰੋ।

ਵਿਕਲਪਕ ਤੌਰ 'ਤੇ, ਸੰਪਰਕ ਕਰੋ:

**ਫ਼ੋਨ:** 1300 030 655

**ਈ-ਮੇਲ:** inklings@thekids.org.au

**ਵੈੱਬਸਾਈਟ:** inklings.org.au

ਜਨਮ ਤੋਂ ਲੈ ਕੇ ਪੰਜ ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਨਿਯਮਤ ਸਿਹਤ ਅਤੇ ਵਿਕਾਸ ਜਾਂਚਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਦੀ ਜਾਂਚ ਹੋਵੇ, ਤਾਂ ਆਪਣੀ ਸਥਾਨਕ ਬਾਲ ਅਤੇ ਪਰਿਵਾਰ ਸਿਹਤ ਸੇਵਾ (Child and Family Health Service) ਨਾਲ ਸੰਪਰਕ ਕਰੋ:

**ਵੈੱਬਸਾਈਟ:** cafhs.sa.gov.au

**ਫ਼ੋਨ:** 1300 733 606






The KIDS Research Institute Australia

# Inklings®



## ਸਾਊਥ ਆਸਟ੍ਰੇਲੀਆ ਵਿੱਚ ਸ਼ੁਰੂਆਤੀ ਸਮਾਜਿਕ ਅਤੇ ਸੰਚਾਰ ਅੰਤਰਾਂ ਨੂੰ ਦਿਖਾਉਣ ਵਾਲੇ ਬੱਚਿਆਂ ਦੀ ਸਹਾਇਤਾ ਕਰਨ ਲਈ ਇੱਕ ਪ੍ਰੋਗਰਾਮ

Government of South Australia

Australian Government
Department of Health, Disability and Ageing



## ਇੰਕਲਿੰਗਜ਼ ਪ੍ਰੋਗਰਾਮ ਬਾਰੇ

ਇੰਕਲਿੰਗਜ਼ 6 ਤੋਂ 18 ਮਹੀਨਿਆਂ ਦੇ ਬੱਚਿਆਂ ਵਾਲੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਸਹਾਇਤਾ ਕਰਨ ਵਾਲਾ ਇੱਕ ਅਜਿਹਾ ਪ੍ਰੋਗਰਾਮ ਹੈ ਜੋ ਉਨ੍ਹਾਂ ਦੇ ਗੱਲਬਾਤ ਕਰਨ ਦੇ ਤਰੀਕੇ ਅਤੇ ਸੰਚਾਰ ਵਿੱਚ ਅੰਤਰ ਜਾਂ ਦੇਰੀ ਦਿਖਾਉਂਦੇ ਹਨ।

ਇੰਕਲਿੰਗਜ਼ ਪ੍ਰੋਗਰਾਮ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਆਪਣੇ ਬੱਚੇ ਨੂੰ ਸਮਝਣ ਅਤੇ ਜਵਾਬ ਦੇਣ ਵਿੱਚ ਵਧੇਰੇ ਆਤਮ-ਵਿਸ਼ਵਾਸ ਮਹਿਸੂਸ ਕਰਨ ਵਿੱਚ ਮੱਦਦ ਕਰ ਸਕਦਾ ਹੈ।

ਇਹ ਪ੍ਰੋਗਰਾਮ ਰੋਜ਼ਮਰ੍ਹਾ ਸਥਿਤੀਆਂ ਵਿੱਚ ਦੇਖਭਾਲ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਬੱਚੇ ਦੇ ਛੋਟੇ ਵੀਡੀਓ ਦੀ ਵਰਤੋਂ ਕਰਦਾ ਹੈ। ਇਹ ਵੀਡੀਓ ਦੇਖਭਾਲ ਕਰਨ ਵਾਲਿਆਂ ਨੂੰ ਆਪਣੇ ਬੱਚੇ ਨਾਲ ਗੱਲਬਾਤ ਕਰਨ ਦੇ ਨਵੇਂ ਤਰੀਕੇ ਦੇਖਣ ਵਿੱਚ ਮੱਦਦ ਕਰ ਸਕਦੇ ਹਨ।

ਇਹ ਪ੍ਰੋਗਰਾਮ ਸਿਖਲਾਈ ਪ੍ਰਾਪਤ ਪ੍ਰੈਕਟੀਸ਼ਨਰਾਂ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਬੱਚੇ ਦੇ ਸੰਚਾਰ ਅਤੇ ਵਿਕਾਸ ਵਿੱਚ ਸਾਲਾਂ ਦੀ ਖੋਜ ਦੁਆਰਾ ਸਮਰਥਿਤ ਹੈ। ਇੰਕਲਿੰਗਜ਼ ਇੱਕ 10-ਸੈਸ਼ਨਾਂ ਵਾਲਾ ਪ੍ਰੋਗਰਾਮ ਹੈ ਜੋ ਹਰ ਪੰਦਰਵਾੜੇ ਦਿੱਤੇ ਜਾਂਦੇ ਹਨ।

## SA ਵਿੱਚ ਇੰਕਲਿੰਗਜ਼ ਪ੍ਰੋਗਰਾਮ

ਇੰਕਲਿੰਗਜ਼ ਟੈਲੀਹੈਲਥ ਸਮੇਤ ਵੱਖ-ਵੱਖ ਥਾਵਾਂ 'ਤੇ ਡਿਲੀਵਰ ਕੀਤੇ ਜਾ ਸਕਦੇ ਹਨ, ਅਤੇ ਇਹ ਤੁਹਾਡੇ ਪ੍ਰੈਕਟੀਸ਼ਨਰ ਦੇ ਸਥਾਨ 'ਤੇ ਵੀ ਨਿਰਭਰ ਕਰ ਸਕਦੇ ਹਨ।

ਇਸ ਪ੍ਰੋਗਰਾਮ ਨੂੰ ਆਸਟ੍ਰੇਲੀਅਨ ਸਰਕਾਰ ਦੇ ਸੋਸ਼ਲ ਸਰਵਿਸਿਜ਼ ਵਿਭਾਗ ਅਤੇ ਸਾਊਥ ਆਸਟ੍ਰੇਲੀਆਈ ਸਰਕਾਰ ਦੁਆਰਾ ਫੰਡ ਦਿੱਤਾ ਜਾਂਦਾ ਹੈ।

## ਇੰਕਲਿੰਗਜ਼ ਕਿਸ ਲਈ ਹੈ?

**ਤੁਹਾਡੇ ਬੱਚੇ ਨੂੰ ਇੰਕਲਿੰਗਜ਼ ਤੋਂ ਲਾਭ ਹੋ ਸਕਦਾ ਹੈ ਜੇਕਰ :**

- ਤੁਹਾਡੇ ਬੱਚੇ ਦੀ ਉਮਰ 6 ਤੋਂ 18 ਮਹੀਨਿਆਂ ਦੇ ਵਿਚਕਾਰ ਹੈ
- ਤੁਹਾਡੇ ਸਿਹਤ ਪ੍ਰੈਕਟੀਸ਼ਨਰ ਨੇ ਤੁਹਾਡੇ ਬੱਚੇ ਦੇ ਸਮਾਜਿਕ ਜਾਂ ਗੱਲਬਾਤ ਕਰਨ ਦੇ ਵਿਕਾਸ ਬਾਰੇ ਆਪਣੇ ਨਿਰੀਖਣਾਂ ਬਾਰੇ ਤੁਹਾਡੇ ਨਾਲ ਚਰਚਾ ਕੀਤੀ ਹੈ
- ਤੁਸੀਂ ਜਾਂ ਤੁਹਾਡੇ ਬੱਚੇ ਦਾ ਕੋਈ ਨਜ਼ਦੀਕੀ ਵਿਅਕਤੀ ਉਹਨਾਂ ਦੇ ਸਮਾਜਿਕ ਤੌਰ 'ਤੇ ਵਿਚਰਨ ਅਤੇ ਗੱਲਬਾਤ ਕਰਨ ਦੇ ਵਿਕਾਸ ਬਾਰੇ ਸੋਚ ਰਿਹਾ ਹੈ।
- ਤੁਹਾਡਾ ਬੱਚਾ ਗੱਲਬਾਤ ਕਰਨ ਵਿੱਚ ਕੁੱਝ ਅੰਤਰ ਦਿਖਾਉਂਦਾ ਹੈ, ਉਦਾਹਰਨ ਲਈ, ਕੀ ਉਹ:
  - ਤੁਹਾਨੂੰ ਮੁਸਕਰਾਉਂਦੇ ਦੇਖ ਕੇ ਮੁਸਕਰਾਉਂਦਾ ਹੈ?
  - ਤੁਹਾਡੇ ਨਾਲ ਪੀਕ-ਅ-ਬੂ ਵਰਗੀਆਂ ਸਮਾਜਿਕ ਖੇਡਾਂ ਵਿੱਚ ਸ਼ਾਮਲ ਹੁੰਦਾ ਹੈ? ਜਾਂ, ਤਾੜੀਆਂ ਵਜਾਉਣ ਅਤੇ ਅਲਵਿਦਾ ਕਹਿਣ ਵਰਗੇ ਇਸ਼ਾਰਿਆਂ ਦੀ ਵਰਤੋਂ ਕਰਦਾ ਹੈ।
  - ਆਪਣੇ ਨਾਮ ਦਾ ਜਵਾਬ ਦਿੰਦਾ ਹੈ?
  - ਤੁਹਾਡੀ ਨਕਲ ਕਰਦਾ ਹੈ ਜਾਂ ਤੁਹਾਨੂੰ ਚੀਜ਼ਾਂ ਦਿਖਾਉਣ ਲਈ ਇਸ਼ਾਰਾ ਕਰਦਾ ਹੈ?

## ਮੁੱਖ ਨੁਕਤੇ

- ਇੰਕਲਿੰਗਜ਼ ਪ੍ਰੋਗਰਾਮ ਤੁਹਾਡੇ ਅਤੇ ਤੁਹਾਡੇ ਬੱਚੇ ਦੀਆਂ ਛੋਟੀਆਂ ਵੀਡੀਓ ਦੀ ਵਰਤੋਂ ਕਰਦਾ ਹੈ।
- ਪ੍ਰੈਕਟੀਸ਼ਨਰ ਤੁਹਾਡੇ ਨਾਲ ਮਿਲ ਕੇ ਕੰਮ ਕਰੇਗਾ, ਇਨ੍ਹਾਂ ਵੀਡੀਓਜ਼ ਦੀ ਵਰਤੋਂ ਕਰਕੇ ਉਹ ਤੁਹਾਡੇ ਆਤਮ-ਵਿਸ਼ਵਾਸ ਨੂੰ ਵਿਕਸਤ ਕਰਨ ਵਿੱਚ ਮੱਦਦ ਕਰੇਗਾ ਤਾਂ ਜੋ ਤੁਸੀਂ ਆਪਣੇ ਬੱਚੇ ਦੇ ਗੱਲਬਾਤ ਕਰਨ ਦੇ ਅੰਦਾਜ਼ ਨੂੰ ਪਛਾਣ ਸਕੋ ਅਤੇ ਉਸਦਾ ਜਵਾਬ ਦੇ ਸਕੋ।

i

***SA ਵਿੱਚ ਇੰਕਲਿੰਗਜ਼ ਵਿੱਚ ਭਾਗ ਲੈਣ ਵਾਲੇ ਯੋਗ ਪਰਿਵਾਰਾਂ ਲਈ ਆਪਣੀ ਜੇਬ ਤੋਂ ਬਾਹਰ ਦਾ ਕੋਈ ਖ਼ਰਚਾ ਨਹੀਂ ਹੈ।***

